


ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਛੱਠ ਪੂਜਾ ਲਈ ਹਾਥੀ ਘਾਟ ਆਈ.ਟੀ.ਓ. 'ਤੇ ਪੂਜਾ ਕਰਦੇ ਹੋਏ, ਨਾਲ ਮਨਜਿੰਦਰ ਸਿੰਘ ਸਿਰਸਾ ਤੇ ਹੋਰ ਮੰਤਰੀ। ਤਸਵੀਰਾਂ : ਸ਼ਿਆਮ ਸੁੰਦਰ

# ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਯਮੁਨਾ ਘਾਟ 'ਤੇ ਛੱਠ ਪੂਜਾ ਵਿਚ ਲਿਆ ਹਿੱਸਾ

ਨਵੀਂ ਦਿੱਲੀ, 28 ਅਕਤੂਬਰ (ਮਿਸਰਦੀਪ ਭਾਟੀਆ)–ਛੱਠ ਪੂਜਾ ਦੀ ਸਮਾਪਤੀ ਦੇ ਮੌਕੇ 'ਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਮੰਗਲਵਾਰ ਨੂੰ ਯਮੁਨਾ ਨਦੀ ਦੇ ਕੰਢੇ ਚੜ੍ਹਦੇ ਸੂਰਜ ਨੂੰ ਅਰਘ ਭੇਟ ਕੀਤੀ। ਰੇਖਾ ਗੁਪਤਾ ਨੇ ਕਿਹਾ ਕਿ ਉਸਨੇ ਇਸ ਮੌਕੇ 'ਤੇ 'ਵਿਕਸਿਤ ਭਾਰਤ' ਅਤੇ 'ਵਿਕਸਿਤ ਦਿੱਲੀ' ਲਈ ਛੱਠੀ ਮਈਆ ਕੋਲੋਂ ਆਸ਼ੀਰਵਾਦ ਮੰਗਿਆ ਹੈ। ਉਨ੍ਹਾਂ ਕਿਹਾ ਕਿ ਸਾਡੀ ਰਾਜਧਾਨੀ ਵਿਸ਼ਵਾਸ, ਸਫ਼ਾਈ ਅਤੇ ਸੱਭਿਆਚਾਰ ਦੀ ਇਕ ਮਿਸਾਲ ਬਣੀ ਰਹੇ। ਆਈ.ਟੀ.ਓ. ਘਾਟ 'ਤੇ ਰੇਖਾ ਗੁਪਤਾ ਦੇ ਨਾਲ ਸੱਭਿਆਚਾਰ ਮੰਤਰੀ ਕਪਿਲ ਮਿਸ਼ਰਾ, ਸਮਾਜ ਭਲਾਈ ਮੰਤਰੀ ਰਵਿੰਦਰ ਇੰਦਰਾਜ਼, ਵਾਤਾਵਰਨ ਮੰਤਰੀ ਮਨਜਿੰਦਰ ਸਿੰਘ ਸਿਰਸਾ ਵੀ ਮੌਜੂਦ ਸਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਇੰਸਟਾਗ੍ਰਾਮ 'ਤੇ ਇਕ ਪੋਸਟ ਵਿਚ ਛੱਠ ਪੂਜਾ ਦੀ ਸਮਾਪਤੀ 'ਤੇ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਹਨ। ਉਨ੍ਹਾਂ ਕਿਹਾ 'ਛੱਠ ਦਾ ਮਹਾਨ ਤਿਉਹਾਰ ਅੱਜ ਸਵੇਰੇ ਭਗਵਾਨ ਸੂਰਜ ਨੂੰ ਪ੍ਰਾਰਥਨਾ ਕਰਨ ਦੇ ਨਾਲ ਸਮਾਪਤ ਹੋਇਆ। ਇਸ ਚਾਰ ਦਿਨਾਂ ਦੀ ਰਸਮ ਦੌਰਾਨ ਅਸੀਂ ਛੱਠ ਪੂਜਾ ਦੀ ਮਹਾਨ ਪਰੰਪਰਾ ਦੇ ਪ੍ਰਗਟਾਵੇ ਦੇ ਗਵਾਹ ਬਣੇ, ਸਾਰੇ ਸ਼ਰਧਾਲੂਆਂ ਅਤੇ ਵਰਤ ਰੱਖਣ ਵਾਲਿਆਂ ਦੇ ਨਾਲ-ਨਾਲ ਮੇਰੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਵੀ ਦਿਲੋਂ ਵਧਾਈਆਂ, ਜੋ ਇਸ ਪਵਿੱਤਰ ਤਿਉਹਾਰ ਦਾ ਹਿੱਸਾ ਸਨ। ਛੱਠੀ ਮਈਆ ਦੀਆਂ ਬੇਅੰਤ ਅਸੀਸਾਂ ਹਮੇਸ਼ਾ ਤੁਹਾਡੇ ਜੀਵਨ ਨੂੰ ਰੌਸ਼ਨ ਕਰਨ।'



ਪ੍ਰੋਗਰਾਮ ਦੌਰਾਨ ਕਹਾਣੀਕਾਰ ਆਪਣੀਆਂ ਕਹਾਣੀਆਂ ਪੇਸ਼ ਕਰਦੇ ਹੋਏ।

# ਸਾਹਿਤ ਅਕਾਦਮੀ ਦੁਆਰਾ ਕਹਾਣੀ ਪਾਠ ਦਾ ਆਯੋਜਨ

ਨਵੀਂ ਦਿੱਲੀ, 28 ਅਕਤੂਬਰ (ਭਾਟੀਆ)–ਸਾਹਿਤ ਅਕਾਦਮੀ ਦੁਆਰਾ ਸਾਹਿਤ ਮੰਚ ਪ੍ਰੋਗਰਾਮ ਦੇ ਤਹਿਤ ਤਿੰਨ ਸੀਨੀਅਰ ਕਹਾਣੀਕਾਰਾਂ ਦੇ ਕਹਾਣੀ ਪਾਠ ਦਾ ਆਯੋਜਨ ਕੀਤਾ ਗਿਆ। ਕਹਾਣੀਕਾਰ ਸਨ ਸਤੀਸ਼ ਜੈਸਵਾਲ, ਹੀਰਾ ਲਾਲ ਨਾਗਰ ਅਤੇ ਭਾਵਨਾ ਸ਼ੇਖਰ। ਸਭ ਤੋਂ ਪਹਿਲਾਂ ਭਾਵਨਾ ਸ਼ੇਖਰ ਨੇ ਆਪਣੀ ਕਹਾਣੀ 'ਇੱਜ਼ਤਦਾਰ ਆਦਮੀ' ਪੜ੍ਹੀ। ਕਹਾਣੀ ਦੋ ਆਦਮੀਆਂ ਦੇ ਹੰਕਾਰ ਅਤੇ ਆਪਣੀਆਂ ਪਤਨੀਆਂ ਨੂੰ ਵਸਤੂ ਸਮਝਣ ਦੇ ਦ੍ਰਿਸ਼ਟੀਕੋਣ 'ਤੇ ਆਧਾਰਤ ਸੀ, ਜਿਸ ਵਿਚ ਅੰਤ ਵਿਚ ਔਰਤਾਂ ਨੇ ਉਨ੍ਹਾਂ ਆਦਮੀਆਂ ਦੇ ਹੰਕਾਰ ਨੂੰ ਬੜੀ ਹਿੰਮਤ ਨਾਲ ਤੋੜ ਦਿੱਤਾ। ਹੀਰਾ ਲਾਲ ਨਾਗਰ ਦੀ ਕਹਾਣੀ ਦਾ ਸਿਰਲੇਖ ਸੀ 'ਉਸ ਦਿਨ ਕੀ ਬਾਤ'। ਅਕਾਰ ਪਤ੍ਰਿਕਾ ਵਿਚ ਛਪੀ ਇਹ ਕਹਾਣੀ ਵੀ ਔਰਤ ਦੇ ਭਾਵਨਾਤਮਕ ਸ਼ੋਸ਼ਣ 'ਤੇ ਕੇਂਦ੍ਰਿਤ ਸੀ ਅਤੇ ਅਸਾਮ ਦੀ ਪ੍ਰਿਸ਼ਠ ਭੂਮੀ 'ਤੇ ਬੁਣੀ ਹੋਈ ਸੀ। ਸਤੀਸ਼ ਜੈਸਵਾਲ ਨੇ ਆਪਣੀ ਕਹਾਣੀ 'ਅਬ ਯੇ ਸ਼ਹਿਰ' ਪੇਸ਼ ਕੀਤੀ, ਜੋ ਭਿਲਾਈ ਵਿਚ ਸਥਿਤ ਐਂਗਲੋ ਇੰਡੀਅਨ ਕਾਲੋਨੀ ਵਿਚ ਆਏ ਬਦਲਾਅ 'ਤੇ ਕੇਂਦ੍ਰਿਤ ਸੀ। ਪ੍ਰੋਗਰਾਮ ਵਿਚ ਕਈ ਸੀਨੀਅਰ ਕਹਾਣੀਕਾਰ ਅਤੇ ਵਿਦਿਆਰਥੀ ਮੌਜੂਦ ਸਨ। ਸੰਚਾਲਨ ਅਕਾਦਮੀ ਦੇ ਉਪ ਸਕੱਤਰ ਦੇਵਿੰਦਰ ਕੁਮਾਰ ਦੇਵੇਸ਼ ਨੇ ਕੀਤਾ।

# ਅਮਰੀਕੀ ਦੂਤਾਵਾਸ, ਨਵੀਂ ਦਿੱਲੀ ਦੇ ਪ੍ਰੋਟੋਕੋਲ ਦਫ਼ਤਰ ਵਲੋਂ ਅਮਰੀਕਾ ਵਿਚ ਰਹਿੰਦੇ ਸਿੱਖ ਭਾਈਚਾਰੇ ਦੇ ਮਹੱਤਵਪੂਰਨ ਯੋਗਦਾਨ ਦੀ ਸ਼ਲਾਘਾ

ਨਵੀਂ ਦਿੱਲੀ, 28 ਅਕਤੂਬਰ (ਮਿਸਰਦੀਪ ਭਾਟੀਆ)–21 ਸਾਲਾ ਭਾਰਤੀ ਮੂਲ ਦੇ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਉੱਤੇ ਦੱਖਣੀ ਕੈਲੀਫੋਰਨੀਆ ਵਿਚ ਲੋਕਾਂ 'ਤੇ ਟਰੱਕ ਚੜ੍ਹਾਉਣ ਦਾ ਦੋਸ਼ ਹੈ। ਇਸ ਸੰਬੰਧ ਵਿਚ ਸਾਬਕਾ ਸੰਸਦ ਮੈਂਬਰ ਅਤੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ. ਤਰਲੋਚਨ ਸਿੰਘ ਨੇ ਭਾਰਤ ਵਿਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੂੰ ਪੱਤਰ ਲਿਖ ਕੇ ਸਿੱਖ ਟਰੱਕ ਡਰਾਈਵਰਾਂ ਦਾ ਸਮਰਥਨ ਕਰਨ ਦੀ ਬੇਨਤੀ ਕੀਤੀ ਸੀ। 25 ਅਕਤੂਬਰ ਨੂੰ ਭੇਜੇ ਗਏ ਇਸ ਪੱਤਰ ਦਾ ਅਸਰ ਹੋਇਆ ਹੈ। ਉਨ੍ਹਾਂ ਦੇ ਪੱਤਰ ਦੇ ਜਵਾਬ ਵਿਚ ਅਮਰੀਕੀ ਦੂਤਾਵਾਸ, ਨਵੀਂ ਦਿੱਲੀ ਦੇ ਪ੍ਰੋਟੋਕੋਲ ਮੁਖੀ ਨੀਲੂ ਸਿਆਲ ਚਚਰਾ ਨੇ ਇਕ ਪੱਤਰ ਭੇਜਿਆ ਹੈ, ਜਿਸ ਵਿਚ ਉਨ੍ਹਾਂ ਨੇ ਅਮਰੀਕਾ ਵਿਚ ਰਹਿੰਦੇ ਸਿੱਖ ਭਾਈਚਾਰੇ ਦੇ ਮਹੱਤਵਪੂਰਨ ਯੋਗਦਾਨ ਦੀ ਸ਼ਲਾਘਾ ਕੀਤੀ ਹੈ। ਸ. ਤਰਲੋਚਨ ਸਿੰਘ ਨੂੰ ਲਿਖੇ ਪੱਤਰ ਵਿਚ ਉਨ੍ਹਾਂ ਜ਼ਿਕਰ ਕੀਤਾ ਹੈ ਕਿ ਤੁਹਾਡੇ ਪੱਤਰ ਲਈ ਅਤੇ ਇਕ ਸਿੱਖ ਟਰੱਕ ਡਰਾਈਵਰ ਨਾਲ ਵਾਪਰੀ ਹਾਲੀਆ ਘਟਨਾ ਬਾਰੇ ਚਿੰਤਾਵਾਂ ਪ੍ਰਗਟ ਕਰਨ ਲਈ ਧੰਨਵਾਦ। ਅਸੀਂ ਸਿੱਖ ਭਾਈਚਾਰੇ ਦੇ ਸੰਯੁਕਤ ਰਾਜ ਅਮਰੀਕਾ ਵਿਚ ਮਹੱਤਵਪੂਰਨ ਯੋਗਦਾਨ ਦੀ ਕਦਰ ਕਰਦੇ ਹਾਂ। ਉਨ੍ਹਾਂ ਆਪਣੇ ਪੱਤਰ ਵਿਚ ਅੱਗੇ ਲਿਖਿਆ ਹੈ ਕਿ ਵਰਤਮਾਨ ਵਿਚ ਅਮਰੀਕੀ ਦੂਤਾਵਾਸ ਦਾ ਦਿੱਲੀ ਵਿਚ ਕੋਈ ਰਿਹਾਇਸ਼ੀ ਰਾਜਦੂਤ ਨਹੀਂ ਹੈ। ਇਸ ਲਈ ਦੂਤਾਵਾਸ ਵਲੋਂ ਤੁਹਾਡੇ ਨਾਲ ਇਸ ਸਮੇਂ ਮੀਟਿੰਗ ਦਾ ਪ੍ਰਬੰਧ ਨਹੀਂ ਹੋ ਸਕਦਾ। ਇਹ ਘਟਨਾ ਇਕ ਦੁਖਾਂਤ ਸੀ ਅਤੇ ਸਾਡੀ ਹਮਦਰਦੀ ਡਰਾਈਵਰ ਅਤੇ ਸਿੱਖ ਭਾਈਚਾਰੇ ਨਾਲ ਹੈ। ਅੰਤ ਵਿਚ ਅਮਰੀਕੀ ਦੂਤਾਵਾਸ ਦੇ ਪ੍ਰੋਟੋਕੋਲ ਮੁਖੀ ਨੇ ਸ. ਤਰਲੋਚਨ ਸਿੰਘ ਦੇ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਲਿਖਿਆ ਹੈ ਕਿ ਅਸੀਂ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਿਚ ਤੁਹਾਡੀ ਨਿਰੰਤਰ ਸ਼ਮੂਲੀਅਤ ਅਤੇ ਤੁਹਾਡੀ ਅਗਵਾਈ ਦੀ ਦਿਲੋਂ ਕਦਰ ਕਰਦੇ ਹਾਂ।



ਤਰਲੋਚਨ ਸਿੰਘ, ਸਾਬਕਾ ਸੰਸਦ ਮੈਂਬਰ





ਰੂਪਨਗਰ ਪੁੱਜਣ 'ਤੇ ਨਗਰ ਕੀਰਤਨ ਦਾ ਸਵਾਗਤ ਕਰਨ ਮੌਕੇ ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਹੈੱਡ ਦਰਬਾਰ ਤੇ ਹੋਰ। (ਵਿਚਕਾਰ) ਨਗਰ ਕੀਰਤਨ ਦੌਰਾਨ ਸੁੰਦਰ ਬੱਸ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਰਹੀ ਇਲਾਕੇ ਦੀ ਸੰਗਤ (ਸੱਜੇ) ਰੂਪਨਗਰ ਵਿਖੇ ਨਗਰ ਕੀਰਤਨ ਦਾ ਸਵਾਗਤ ਕਰ ਰਹੇ ਨੁਮਾਇੰਦੇ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਦਾ ਵੱਖ-ਵੱਖ ਥਾਵਾਂ 'ਤੇ ਭਰਵਾਂ ਸਵਾਗਤ

## ਨਗਰ ਕੀਰਤਨ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ 17 ਸਤੰਬਰ ਨੂੰ ਹੋਇਆ ਸੀ ਸ਼ੁਰੂ

ਰੂਪਨਗਰ, 28 ਅਕਤੂਬਰ (ਸਤਨਾਮ ਸਿੰਘ ਸੱਤੀ)–ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦਾ ਰੂਪਨਗਰ ਜ਼ਿਲ੍ਹੇ ਵਿਚ ਪੁੱਜਣ 'ਤੇ ਵੱਖ-ਵੱਖ ਥਾਵਾਂ 'ਤੇ ਭਰਵਾਂ ਸਵਾਗਤ ਕੀਤਾ ਗਿਆ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵਲੋਂ ਬਿਹਾਰ ਸਰਕਾਰ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਇਹ ਇਤਿਹਾਸਕ ਨਗਰ ਕੀਰਤਨ (ਜਾਗਰਤੀ ਯਾਤਰਾ) 41ਵੇਂ ਦਿਨ ਰੂਪਨਗਰ ਜ਼ਿਲ੍ਹੇ ਵਿਚ ਪਹੁੰਚੀ, ਜੋ ਅੱਜ ਦੇਰ ਸ਼ਾਮ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਭੋਰਾ ਸਾਹਿਬ ਵਿਖੇ ਪੁੱਜੇਗੀ। ਇਹ ਯਾਤਰਾ ਗੁਰੂ ਜੀ ਦੇ ਆਸਥਾ, ਏਕਤਾ ਤੇ ਭਾਈਚਾਰਕ ਸਾਂਝ ਦੇ ਸੰਦੇਸ਼ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਦਾ ਪ੍ਰਤੀਕ ਹੈ। ਪੰਜਾਬ ਵਿਚ ਇਸ ਯਾਤਰਾ ਦੀ ਕੋਆਰਡੀਨੇਸ਼ਨ ਮਲਵਿੰਦਰ ਸਿੰਘ ਬੇਨੀਪਾਲ ਵਲੋਂ ਕੀਤੀ ਗਈ, ਜਿਨ੍ਹਾਂ ਨੇ ਰਣਜੀਤ ਸਿੰਘ ਰਾਣਾ, ਭਵਨ ਸਿੰਘ ਖੋਜੀ, ਬਾਬਾ ਅਮਰ ਸਿੰਘ, ਹਰਦੀਪ ਸਿੰਘ ਦੌੜ, ਬੁੱਧ ਸਿੰਘ ਖ਼ਾਲਸਾ ਤੇ ਸੰਜੀਵ ਝਾਅ ਸਮੇਤ ਸੇਵਾਦਾਰਾਂ ਨਾਲ ਮਿਲ ਕੇ ਕੀਰਤਨ ਦੀ ਅਗਵਾਈ ਕੀਤੀ। ਰੂਪਨਗਰ ਵਿਖੇ ਗੁਰਦੁਆਰਾ ਟਿੱਬੀ ਸਾਹਿਬ, ਹੈੱਡ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ ਤੇ ਸਰਪੰਚ ਪਰਮਜੀਤ ਸਿੰਘ ਸੰਦੋਆ, ਨਿਰਮਲ ਸਿੰਘ, ਸੋਹਣ ਲਾਲ ਚੇਚੀ, ਬਖ਼ਸ਼ੀਸ਼ ਸਿੰਘ ਕੋਲਾਪੁਰ, ਸਰਪੰਚ ਮੋਹਣ ਸਿੰਘ ਅਸਾਲਤਪੁਰ, ਗੱਜਣ ਸਿੰਘ, ਚੰਨਣ ਸਿੰਘ, ਗੁਰਮੁੱਖ ਸਿੰਘ, ਡਾ. ਬਲਵੀਰ ਸੈਣੀ, ਕੁਲਦੀਪ ਸਿੰਘ, ਅਮਰੀਕ ਸਿੰਘ, ਰਣਜੀਤ ਸਿੰਘ, ਭਗਵੰਤ ਸਿੰਘ, ਮਨਦੀਪ ਸਿੰਘ ਸਰਾਂ, ਸੁਖਜੋਤ ਸਿੰਘ, ਬਲਵਿੰਦਰ ਕੌਰ, ਪਰਮਿੰਦਰ ਸਿੰਘ, ਜਤਿੰਦਰ ਕੁਮਾਰ, ਜਸਪ੍ਰੀਤ ਸਿੰਘ ਰੰਧਾਵਾ ਅਤੇ ਹੋਰਾਂ ਨੇ ਯਾਤਰਾ ਦਾ ਭਰਵਾਂ ਸਵਾਗਤ ਕੀਤਾ। ਜਲੰਧਰ ਵਿਖੇ ਅਰਾਮ ਤੋਂ ਬਾਅਦ ਯਾਤਰਾ ਫਗਵਾੜਾ, ਬਹਿਰਾਮ, ਬੰਗਾ, ਖਟਕਲਾਂ, ਨਵਾਂਸ਼ਹਿਰ, ਬਲਾਚੌਰ ਤੇ ਕਾਠਗੜ੍ਹ ਰਾਹੀਂ ਹੁੰਦਿਆਂ ਰੂਪਨਗਰ ਪਹੁੰਚੀ। ਰਾਗੀ ਜਥਿਆਂ, ਨਿਹੰਗ ਸਿੰਘਾਂ, ਧਾਰਮਿਕ ਸੰਗਠਨਾਂ ਅਤੇ ਵਿਦਿਆਰਥੀਆਂ ਵਲੋਂ ਸਜਾਈਆਂ ਝਾਕੀਆਂ ਅਤੇ ਨਿਸ਼ਾਨ ਸਾਹਿਬਾਂ ਨੇ ਸ਼ਰਧਾ ਦਾ ਦ੍ਰਿਸ਼ ਪੇਸ਼ ਕੀਤਾ। ਸੁਰੱਖਿਆ ਅਤੇ ਪ੍ਰਬੰਧਾਂ ਲਈ ਪ੍ਰਸ਼ਾਸਨ ਤੇ ਸਥਾਨਕ ਗੁਰਦੁਆਰਾ ਕਮੇਟੀਆਂ ਵਲੋਂ ਸੁਚਾਰੂ ਪ੍ਰਬੰਧ ਕੀਤੇ ਗਏ। ਇਸ ਤੋਂ ਬਾਅਦ ਯਾਤਰਾ ਕੀਰਤਪੁਰ ਸਾਹਿਬ ਰਾਹੀਂ ਕੇਸਗੜ੍ਹ ਸਾਹਿਬ ਤੋਂ ਹੁੰਦੀ ਹੋਈ ਸ੍ਰੀ ਆਨੰਦਪੁਰ ਸਾਹਿਬ ਪਹੁੰਚ ਕੇ ਸਮਾਪਤ ਹੋਵੇਗੀ। ਇਹ ਇਤਿਹਾਸਕ ਯਾਤਰਾ 17 ਸਤੰਬਰ 2025 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਬਿਹਾਰ ਦੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਅਤੇ ਪ੍ਰਮੁੱਖ ਸਿੱਖ ਨੇਤਾਵਾਂ ਦੀ ਹਾਜ਼ਰੀ ਵਿਚ ਸ਼ੁਰੂ ਹੋਈ ਸੀ। ਯਾਤਰਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਤੇਗ ਬਹਾਦੁਰ ਜੀ ਦੀਆਂ ਪਵਿੱਤਰ ਨਿਸ਼ਾਨੀਆਂ ਵੀ ਨਾਲ ਲਿਆਂਦੀਆਂ ਗਈਆਂ ਹਨ।

# ਨਗਰ ਕੌਂਸਲ ਰੂਪਨਗਰ ਦੇ ਪ੍ਰਧਾਨ ਸੰਜੇ ਵਰਮਾ ਪ੍ਰਧਾਨਗੀ ਦੇ ਅਹੁਦੇ ਤੋਂ ਫ਼ਾਰਗ

ਰੂਪਨਗਰ, 28 ਅਕਤੂਬਰ (ਸਤਨਾਮ ਸਿੰਘ ਸੱਤੀ)–ਨਗਰ ਕੌਂਸਲ ਰੂਪਨਗਰ ਦੇ ਪ੍ਰਧਾਨ ਸੰਜੇ ਵਰਮਾ ਵਿਰੁੱਧ ਪਾਸ ਕੀਤਾ ਗਿਆ ਬੇਭਰੋਸਗੀ ਮਤਾ ਸਰਕਾਰ ਵਲੋਂ ਪ੍ਰਵਾਨ ਕਰ ਲਿਆ ਗਿਆ ਹੈ, ਜਿਸ ਨਾਲ ਹੁਣ ਉਨ੍ਹਾਂ ਨੂੰ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਇਹ ਜਾਣਕਾਰੀ ਕਾਰਜ ਸਾਧਕ ਅਫ਼ਸਰ ਅਸ਼ੋਕ ਕੁਮਾਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ 27 ਅਗਸਤ 2025 ਨੂੰ ਨਗਰ ਕੌਂਸਲ ਰੂਪਨਗਰ ਦੀ ਵਿਸ਼ੇਸ਼ ਮੀਟਿੰਗ ਵਿਚ 22 ਵਿੱਚੋਂ 18 ਮੈਂਬਰਾਂ ਨੇ ਦੋ-ਤਿਹਾਈ ਬਹੁਮਤ ਨਾਲ ਸੰਜੇ ਵਰਮਾ ਵਿਰੁੱਧ ਬੇਭਰੋਸਗੀ ਮਤਾ ਪਾਸ ਕੀਤਾ ਸੀ। ਇਸ ਤੋਂ ਬਾਅਦ ਸਰਕਾਰ ਨੇ 12 ਸਤੰਬਰ 2025 ਨੂੰ ਪੰਜਾਬ ਮਿਊਂਸੀਪਲ ਐਕਟ 1911 ਦੀ ਧਾਰਾ 22 ਤਹਿਤ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ। ਸੰਜੇ ਵਰਮਾ ਵਲੋਂ ਦਿੱਤੇ ਜਵਾਬ ਅਤੇ ਹਾਈਕੋਰਟ ਦੇ ਹੁਕਮਾਂ ਦੇ ਅਧਾਰ 'ਤੇ 21 ਅਕਤੂਬਰ 2025 ਨੂੰ ਨਿੱਜੀ ਸੁਣਵਾਈ ਕੀਤੀ ਗਈ। ਜਾਂਚ ਦੌਰਾਨ ਇਹ ਸਪਸ਼ਟ ਹੋਇਆ ਕਿ ਪ੍ਰਧਾਨ ਵਲੋਂ ਰਿਕੁਜ਼ੀਸ਼ਨ ਨੋਟਿਸ ਪ੍ਰਾਪਤ ਹੋਣ ਤੋਂ ਬਾਅਦ ਨਿਰਧਾਰਤ ਸਮੇਂ ਵਿਚ ਮੀਟਿੰਗ ਨਹੀਂ ਬੁਲਾਈ ਗਈ ਸੀ, ਜਿਸ ਕਾਰਨ 27 ਅਗਸਤ ਨੂੰ ਬੁਲਾਈ ਗਈ ਮੀਟਿੰਗ ਕਾਨੂੰਨੀ ਤੌਰ 'ਤੇ ਠੀਕ ਮੰਨੀ ਗਈ ਅਤੇ ਮਤਾ ਦਰੁਸਤ ਐਲਾਨਿਆ ਗਿਆ। ਫੈਸਲੇ ਅਨੁਸਾਰ ਵਧੀਕ ਮੁੱਖ ਸਕੱਤਰ ਸਥਾਨਕ ਸਰਕਾਰ ਵਿਭਾਗ ਪੰਜਾਬ, ਤੇਜਵੀਰ ਸਿੰਘ ਆਈ. ਏ. ਐੱਸ. ਨੇ ਸੰਜੇ ਵਰਮਾ ਨੂੰ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦੇ ਹੁਕਮ ਜਾਰੀ ਕਰ ਦਿੱਤੇ। ਦੱਸਣਯੋਗ ਹੈ ਕਿ ਸੰਜੇ ਵਰਮਾ ਬਰਿੰਦਰ ਸਿੰਘ ਢਿੱਲੋਂ ਧੜੇ ਨਾਲ ਜੁੜੇ ਹੋਏ ਸਨ ਅਤੇ ਕਾਫ਼ੀ ਸਮੇਂ ਤੋਂ ਨਗਰ ਕੌਂਸਲ ਅੰਦਰ ਵਿਰੋਧ ਅਤੇ ਗੁੱਟਬਾਜ਼ੀ ਦੀ ਸਥਿਤੀ ਬਣੀ ਹੋਈ ਸੀ। ਸ਼ਹਿਰ ਵਿਚ ਵਿਕਾਸ ਕਾਰਜ ਰੁਕੇ ਹੋਣ ਤੇ ਅੰਦਰੂਨੀ ਤਣਾਅ ਦੀ ਸਥਿਤੀ ਸੀ ਅਤੇ ਲੋਕਾਂ ਚ ਵੀ ਵਿਰੋਧੀ ਸੁਰ ਭਾਰੂ ਹੋ ਰਹੇ ਸਨ, ਹਲਾਂਕਿ ਕੁਝ ਨੂੰ ਛੱਡ ਕੇ ਬਹੁਤੇ ਸਾਥੀ ਕੌਂਸਲਰ ਵੀ ਲੰਬੇ ਸਮੇਂ ਤੋਂ ਪ੍ਰਧਾਨ ਦੇ ਨਾਲ ਹੀ ਰਹੇ, ਪਰ ਜਦੋਂ ਵੋਟਾਂ ਸਿਰ 'ਤੇ ਆਉਂਦੀਆਂ ਦਿਖਾਈ ਦਿੱਤੀਆਂ ਤਾਂ ਉਨ੍ਹਾਂ ਨੇ ਵੀ ਪਿੱਠ ਮੋੜ ਲਈ। ਹੁਣ ਪ੍ਰਧਾਨਗੀ ਦਾ ਅਹੁਦਾ ਖਾਲੀ ਹੋਣ ਤੋਂ ਬਾਅਦ ਨਵੇਂ ਪ੍ਰਧਾਨ ਦੀ ਚੋਣ ਨੂੰ ਲੈ ਕੇ ਕੌਂਸਲਰਾਂ ਵਿਚ ਖਿੱਚਤਾਣ ਜਾਰੀ ਹੈ। ਰਾਜਨੀਤਿਕ ਨਿਗਰਾਨ ਮੰਨ ਰਹੇ ਹਨ ਕਿ ਅਗਲਾ ਪ੍ਰਧਾਨ ਹਲਕੇ ਦੇ ਮੌਜੂਦਾ ਵਿਧਾਇਕ ਦੇ ਰੁਝਾਨ 'ਤੇ ਨਿਰਭਰ ਕਰੇਗਾ। ਪ੍ਰਧਾਨ ਦੀ ਚੋਣ ਲਈ ਮੀਟਿੰਗ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਨਿਰਭਰ ਕਰੇਗੀ, ਜੋ ਤੈ ਕਰਨਗੇ ਕਿ ਪ੍ਰਧਾਨ ਦੀ ਚੋਣ ਲਈ ਮੀਟਿੰਗ ਕਦੋਂ ਰੱਖੀ ਜਾਣੀ ਹੈ।


**ਬਾ-ਅਦਾਲਤ ਸ੍ਰੀ ਹਰਜਿੰਦਰ ਸਿੰਘ ਆਈ. ਏ. ਐਸ**
**ਮੈਰਿਜ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ**
ਵਿਸ਼ਾ: ਅਣ-ਵਿਆਹੁਤਾ ਸਰਟੀਫਿਕੇਟ ਹਾਸਿਲ ਕਰਨ ਸੰਬੰਧੀ।
**ਨੋਟਿਸ ਬਨਾਮ: ਜਨਰਲ ਪਬਲਿਕ**



ਸ੍ਰੀ ਲਖਬੀਰ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਪਕੀਵਾਂ ਤਹਿਸੀਲ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ਨੇ ਮੇਰੇ ਦਫ਼ਤਰ ਵਿਚ ਦਰਖਾਸਤ ਪੇਸ਼ ਕੀਤੀ ਹੈ ਕਿ ਉਸਦਾ ਲੜਕਾ ਨਰਿੰਦਰ ਸਿੰਘ ਜੋ ਇਸ ਵਕਤ ਇਟਲੀ ਵਿਚ ਰਿਹਾ ਰਿਹਾ ਹੈ, ਦੇ ਨਾਂਅ ਅਣ-ਵਿਆਹੁਤਾ ਸਰਟੀਫਿਕੇਟ ਜਾਰੀ ਕੀਤਾ ਜਾਵੇ ਕਿ ਉਸਨੇ ਭਾਰਤ ਵਿਚ ਸ਼ਾਦੀ ਨਹੀਂ ਕਰਵਾਈ ਅਤੇ ਅਜੇ ਤੱਕ ਕੁਆਰਾ ਹੈ।

ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਉਕਤ ਸਰਟੀਫਿਕੇਟ ਜਾਰੀ ਹੋਣ ਸੰਬੰਧੀ ਇਤਰਾਜ਼ ਹੋਵੇ ਤਾਂ ਉਹ ਆਪ/ਖੁਦ ਜਾਂ ਆਪਣੇ ਅਧਿਕਾਰਤ ਵਿਅਕਤੀ ਰਾਹੀਂ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਉਜ਼ਰ ਪੇਸ਼ ਕਰ ਸਕਦਾ ਹੈ। ਨਿਯਤ ਮਿਤੀ ਲੰਘ ਜਾਣ ਤੋਂ ਬਾਅਦ ਕਿਸੇ ਵੀ ਵਿਅਕਤੀ ਦਾ ਕੋਈ ਉਜ਼ਰ ਕਾਬਲੇ ਸਮਾਇਤ ਨਾ ਹੋਵੇਗਾ।

ਅੱਜ ਮਿਤੀ 21.10.2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਰਾਹੀਂ ਜਾਰੀ ਕੀਤਾ ਗਿਆ।

ਨੰ: 1108/ਰੀਡਰ ਸਹੀ/-ਮੈਰਿਜ ਅਫ਼ਸਰ
21.10.2025 ਕਮ-ਡਿਪਟੀ ਕਮਿਸ਼ਨਰ, ਗੁਰਦਾਸਪੁਰ।





ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਤੇ ਹੋਰ ਅਧਿਕਾਰੀ।

# ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਸੰਗਤ ਲਈ ਮਿਲਣਗੀਆਂ ਖਾਸ ਸਿਹਤ ਸੇਵਾਵਾਂ- ਡੀ. ਸੀ.

## ਕ੍ਰਿਟੀਕਲ ਕੇਅਰ ਯੂਨਿਟ ਅਤੇ 21 ਆਮ ਆਦਮੀ ਕਲੀਨਿਕ ਹੋਣਗੇ ਸਥਾਪਿਤ

ਰੂਪਨਗਰ, 28 ਨਵੰਬਰ (ਸਤਨਾਮ ਸਿੰਘ ਸੱਤੀ)–ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਸੰਗਤ ਨੂੰ ਸਿਹਤ ਸਹੂਲਤਾਂ ਉਪਲਬਧ ਕਰਵਾਉਣ ਲਈ ਸਿਵਲ ਹਸਪਤਾਲ ਰੂਪਨਗਰ ਵਿਚ ਕ੍ਰਿਟੀਕਲ ਕੇਅਰ ਯੂਨਿਟ ਅਤੇ ਸ੍ਰੀ ਆਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਵਿਚ 21 ਆਮ ਆਦਮੀ ਕਲੀਨਿਕ (ਮੈਡੀਕਲ ਪੋਸਟ) ਸਥਾਪਿਤ ਕੀਤੇ ਜਾਣਗੇ। ਇਹ ਫੈਸਲੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਹੋਈ ਸਮੀਖਿਆ ਮੀਟਿੰਗ ਦੌਰਾਨ ਕੀਤੇ ਗਏ, ਜਿਸ ਦਾ ਉਦੇਸ਼ ਸਮਾਗਮ ਦੌਰਾਨ ਸੰਗਤ ਨੂੰ ਮੁਫ਼ਤ, ਤੁਰੰਤ ਅਤੇ 24 ਘੰਟੇ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਹਸਪਤਾਲ ਰੂਪਨਗਰ ਅਤੇ ਸਬ ਡਿਵੀਜ਼ਨਲ ਹਸਪਤਾਲ ਆਨੰਦਪੁਰ ਸਾਹਿਬ ਵਿਚ ਕ੍ਰਿਟੀਕਲ ਕੇਅਰ ਯੂਨਿਟ ਚਲਾਉਣ ਲਈ ਦੋ ਵਿਸ਼ੇਸ਼ ਮੈਡੀਕਲ ਟੀਮਾਂ, ਇਕ ਮੈਡੀਕਲ ਕਾਲਜ ਅੰਮ੍ਰਿਤਸਰ ਅਤੇ ਦੂਜੀ ਮੈਡੀਕਲ ਕਾਲਜ ਪਟਿਆਲਾ ਤੋਂ ਤਾਇਨਾਤ ਕੀਤੀਆਂ ਜਾਣਗੀਆਂ। ਹਰ ਟੀਮ ਵਿਚ ਤਕਰੀਬਨ ਅੱਠ ਮੈਂਬਰ ਹੋਣਗੇ ਤੇ 8 ਵੈਂਟੀਲੇਟਰ ਵੀ ਸਥਾਪਿਤ ਕੀਤੇ ਜਾਣਗੇ। ਸੰਗਤ ਦੀ ਸਹੂਲਤ ਲਈ 25 ਐਂਬੂਲੈਂਸਾਂ, ਜਿਨ੍ਹਾਂ ਵਿਚ 5 ਐਡਵਾਂਸਡ ਲਾਈਫ ਸਪੋਰਟ ਅਤੇ 20 ਬੇਸਿਕ ਲਾਈਫ ਸਪੋਰਟ ਵਾਹਨ, ਵੱਖ-ਵੱਖ ਥਾਵਾਂ 'ਤੇ ਤਾਇਨਾਤ ਕੀਤੇ ਜਾਣਗੇ। ਇਨ੍ਹਾਂ ਵਿਚ ਤਜਰਬੇਕਾਰ ਡਾਕਟਰ, ਓਰਥੋਪੀਡੀਸ਼ਨ ਅਤੇ ਪੈਰਾਮੈਡੀਕਲ ਸਟਾਫ਼ 24 ਘੰਟੇ ਸੇਵਾ ਦੇਣਗੇ। ਸਿਵਲ ਸਰਜਨ ਡਾ. ਸੁਖਵਿੰਦਰਜੀਤ ਸਿੰਘ ਨੇ ਦੱਸਿਆ ਕਿ ਕੀਰਤਪੁਰ ਸਾਹਿਬ, ਆਨੰਦਪੁਰ ਸਾਹਿਬ ਅਤੇ ਵਿਰਾਸਤ-ਏ-ਖਾਲਸਾ ਵਿਖੇ ਖ਼ੂਨਦਾਨ ਕੈਂਪ ਲਗਾਏ ਜਾਣਗੇ ਅਤੇ ਸੰਗਤ ਨੂੰ ਅੰਗ ਦਾਨ ਲਈ ਪ੍ਰੇਰਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਮੁਫ਼ਤ ਦਵਾਈਆਂ ਤੇ ਟੈਸਟਾਂ ਦੀ ਸਹੂਲਤ ਵੀ ਉਪਲਬਧ ਹੋਵੇਗੀ। ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ ਚੰਦਰਜਯੋਤੀ ਸਿੰਘ, ਅਭਿਮਨਿਊ ਮਲਿਕ ਆਈ ਏ ਐਸ, ਡਾ. ਬੋਬੀ ਗੁਲਾਟੀ, ਡਾ. ਅਮਰਜੀਤ ਸਿੰਘ, ਡਾ. ਗੋਬਿੰਦ ਟੰਡਨ, ਡਾ. ਈਸ਼ਾ ਵਰਮਾ, ਡਾ. ਵਰਿੰਦਰ ਕੁਮਾਰ ਅਤੇ ਡਾ. ਸਿਮਰਨਜੀਤ ਕੌਰ ਸਮੇਤ ਸਿਹਤ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

# ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਫ਼ੌਜ ਦੀ ਭਰਤੀ ਰੈਲੀ 1 ਤੋਂ

ਰੂਪਨਗਰ, 28 ਅਕਤੂਬਰ (ਗੁਰਪ੍ਰੀਤ ਸਿੰਘ ਹੁੰਦਲ)–ਡਿਪਟੀ ਕਮਿਸ਼ਨਰ ਰੂਪਨਗਰ ਵਰਜੀਤ ਵਾਲੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਰਮੀ ਰਿਕਰਿਊਟਮੈਂਟ ਅਫਸਰ (ਏ.ਆਰ.ਓ) ਲੁਧਿਆਣਾ ਵਲੋਂ ਫ਼ੌਜ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਪਾਸ ਕਰ ਚੁੱਕੇ ਨੌਜਵਾਨਾਂ ਦੀ ਚੋਣ ਲਈ ਫ਼ੌਜ ਦੀ ਭਰਤੀ ਰੈਲੀ 1 ਨਵੰਬਰ ਤੋਂ 8 ਨਵੰਬਰ 2025 ਤੱਕ ਗੁਰੂ ਨਾਨਕ ਸਟੇਡੀਅਮ, ਲੁਧਿਆਣਾ ਵਿਖੇ ਕਰਵਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਰੂਪਨਗਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਲਿਖਤੀ ਪ੍ਰੀਖਿਆ ਪਾਸ ਉਮੀਦਵਾਰ ਇੰਡੀਅਨ ਆਰਮੀ ਦੀ ਵੈੱਬ ਸਾਈਟ 'ਤੇ ਜਾ ਕੇ ਆਪਣੇ ਐਡਮਿਟ ਕਾਰਡ ਡਾਊਨਲੋਡ ਕਰ ਸਕਦੇ ਹਨ। ਇਸ ਸਬੰਧੀ ਕੋਈ ਸਮੱਸਿਆ ਆਉਣ ਤੇ ਏ. ਆਰ. ਓ, ਲੁਧਿਆਣਾ ਦੇ ਦਫ਼ਤਰੀ ਨੰ: 0161-2412123 ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਆਪਣੇ ਐਡਮਿਟ ਕਾਰਡ ਡਾਊਨਲੋਡ ਕਰ ਲੈਣ ਅਤੇ ਨਿਰਧਾਰਤ ਸਮੇਂ ਤੇ ਗੁਰੂ ਨਾਨਕ ਸਟੇਡੀਅਮ, ਲੁਧਿਆਣਾ ਵਿਖੇ ਪਹੁੰਚ ਕੇ ਰੈਲੀ ਵਿਚ ਜ਼ਰੂਰ ਭਾਗ ਲੈਣ।


**GURU NANAK COLLEGE OF NURSING**
Gopalpur, Near Dehlon, Malerkotla Road,Ludhiana.
M : 81960-49888, 81960-00888, 81960-45888, gncnursing@gmail.com/www.gnes.in

**NOTICE**

It is informed that the process of Semi Online Counseling of leftover seats in GNM Courses for Guru Nanak College of Nursing, Gopalpur will be conducted at institute level as per following Schedule and Candidates are required to report at the college sharply at 9:00 AM. Only the candidates, who have completed application in all respects on counseling admission portal 2025-26 of PNRC and not holding any seat in any institute, shall be allowed to appear in this round. No candidate shall be allowed to participate after the preparation of the merit list.

| Description | Date | Timing |
|---|---|---|
| Semi Online Counseling and joining of candidates for Guru Nanak College of Nursing, Gopalpur | 31.10.2025 | 9:00 AM to 10:00 AM |

Principal
Guru Nanak College of Nursing, Gopalpur



**ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਿਟੀ**
ਗਲਾਡਾ ਕੰਪਲੈਕਸ, ਫਿਰੋਜ਼ਪੁਰ ਰੋਡ, ਲੁਧਿਆਣਾ
**ਜਨਤਕ ਸੂਚਨਾ**

ਪ੍ਰਮੋਟਰ/ ਕੰਪਨੀ M/s Oswal Infratech Private Limited ਵੱਲੋਂ Commercial Colony "Amrante Boulevard" (Area 6.89 Acres) situated at Village Birmi and Dewatwal, Tehsil Mullanpur Dakha, Distt. Ludhiana ਦਾ ਲਾਇਸੈਂਸ ਲੈਣ ਲਈ ਦਿੱਤੀ ਐਪਲੀਕੇਸ਼ਨ ਇਸ ਦਫਤਰ ਦੇ ਵਿਚਾਰ ਅਧੀਨ ਹੈ। ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਸਾਈਟ ਵਿੱਚ ਪੈਂਦੇ ਰਕਬਾ 2.64 ਏਕੜ (ਪਿੰਡ ਬੀਰਮੀ) ਦਾ ਸੀ.ਐਲ.ਯੂ. ਮੀਮੋ ਨੰ: 112 ਮਿਤੀ 07.02.2023 ਰਾਹੀਂ ਅਤੇ ਮੀਮੋ ਨੰ: 413 ਮਿਤੀ 10.04.2023 ਰਾਹੀਂ ਰਕਬਾ 0.856 (ਪਿੰਡ ਬੀਰਮੀ), ਜਿਸ ਮੁਤਾਬਕ ਕੁੱਲ ਰਕਬਾ 3.49375 ਏਕੜ ਦਾ ਕਮਰਸ਼ੀਅਲ ਮੰਤਵ ਲਈ ਸੀ.ਐਲ.ਯੂ. ਕੰਪਨੀ M/s Oswal Infratech Private Limited ਦੇ ਨਾਮ ਪਰ ਜਾਰੀ ਕੀਤਾ ਗਿਆ ਸੀ। ਇਸ ਉਪਰੰਤ ਉਕਤ ਸਾਈਟ ਵਿੱਚ ਪੈਂਦਾ ਰਕਬਾ 3.204 ਏਕੜ (ਜਿਸ ਵਿੱਚੋਂ ਪਿੰਡ ਬੀਰਮੀ ਵਿਖੇ ਰਕਬਾ 2.1519 ਏਕੜ ਅਤੇ ਪਿੰਡ ਦੇਤਵਾਲ ਵਿਖੇ ਰਕਬਾ 1.052 ਏਕੜ ਪੈਂਦਾ ਹੈ) ਦਾ ਸੀ.ਐਲ.ਯੂ. ਗਰੁੱਪ ਹਾਊਸਿੰਗ ਮੰਤਵ ਲਈ ਮੀਮੋ ਨੰ: 1082 ਮਿਤੀ 21.08.2023 ਰਾਹੀਂ ਫਰਮ M/s SNS Real Estates ਦੇ ਹੱਕ ਵਿੱਚ ਜਾਰੀ ਕੀਤਾ ਗਿਆ ਸੀ। ਹੁਣ ਪ੍ਰਮੋਟਰ/ਕੰਪਨੀ M/s Oswal Infratech Private Limited ਵੱਲੋਂ ਉਕਤ ਰਕਬੇ (3.204 ਏਕੜ) ਨੂੰ ਆਪਣੇ ਨਾਮ ਪਰ ਟਰਾਂਸਫਰ ਕਰਵਾਉਣ ਅਤੇ ਗਰੁੱਪ ਹਾਊਸਿੰਗ ਮੰਤਵ ਤੋਂ ਕਮਰਸ਼ੀਅਲ ਮੰਤਵ ਲਈ ਬਦਲਣ ਲਈ ਅਰਜੀ ਦਿੱਤੀ ਹੈ, ਜੋ ਕਿ ਵਿਚਾਰ ਅਧੀਨ ਹੈ। ਡਾਇਰੈਕਟਰ, ਟਾਊਨ ਐਂਡ ਕੰਟਰੀ ਪਲੈਨਿੰਗ, ਪੰਜਾਬ ਜੀ ਵੱਲੋਂ ਮੀਮੋ ਨੰ: 6887-6923 CTP(Pb) SP-432 (Gen) ਮਿਤੀ 09.11.2021 ਰਾਹੀਂ ਜਾਰੀ ਹਦਾਇਤਾਂ ਦੇ ਸਨਮੁੱਖ ਜੇਕਰ ਪਹਿਲਾਂ ਤੋਂ ਜਾਰੀ ਸੀ.ਐਲ.ਯੂ. M/s Oswal Infratech Private Limited ਦੇ ਨਾਮ ਪਰ ਟਰਾਂਸਫਰ ਕਰਨ ਅਤੇ ਉਕਤ ਅਨੁਸਾਰ ਮੰਤਵ (ਗਰੁੱਪ ਹਾਊਸਿੰਗ ਤੋਂ ਕਮਰਸ਼ੀਅਲ) ਬਦਲਣ ਸਬੰਧੀ ਕਿਸੇ ਵੀ ਧਿਰ ਨੂੰ ਕੋਈ ਇਤਰਾਜ਼ ਹੋਵੇ ਤਾਂ ਇਸ ਜਨਤਕ ਨੋਟਿਸ ਦੇ ਛਪਣ ਦੇ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਲਿਖਤੀ ਰੂਪ ਵਿੱਚ ਇਤਰਾਜ ਦੇ ਸਕਦਾ ਹੈ ਅਤੇ ਸਾਈਟ ਨਾਲ ਸਬੰਧਤ ਦਸਤਾਵੇਜ਼ ਇਸ ਦਫਤਰ ਵਿਖੇ ਵਿਜ਼ੀਟ ਕਰਕੇ ਦੇਖ ਸਕਦਾ ਹੈ। ਨਿਰਧਾਰਿਤ ਸਮੇਂ ਦੇ ਅੰਦਰ-ਅੰਦਰ ਜੇਕਰ ਕਿਸੇ ਵੀ ਧਿਰ ਪਾਸੋਂ ਇਤਰਾਜ਼ ਪ੍ਰਾਪਤ ਨਾ ਹੋਇਆ ਤਾਂ ਨਿਰਧਾਰਿਤ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ਼ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਮੁੱਖ ਪ੍ਰਸ਼ਾਸ਼ਕ, ਗਲਾਡਾ, ਲੁਧਿਆਣਾ।



**PSWC, District Office, Ludhiana**

Punjab Govt. has floated OTS-2025 policy for the benefit of defaulter Mills. Preliminary following Mills have been found eligible for appling under OTS-2025.

| Sr. No. | Name of Mill | Crop-Year | Address |
|---|---|---|---|
| 1 | Dashmensh Rice Mills | 1995-96 | G.T. Road, Near Kadon Chonk, Doraha. |
| 2 | Guru Kirpa Rice Mills | 1997-98 | G.T. Road, Jagraon, Distt. LDH. |
| 3 | Guru Kirpa Rice Mills | 1998-99 | G.T. Road, Jagraon, Distt. LDH. |
| 4 | Bansal Traders | 2002-03 | Ahmedgarh Road Pohir, Distt. LDH. |
| 5 | Graintec India Ltd. | 2003-04 | Village and post office Budhewal, Distt. LDh. |
| 6 | D.S.L. Rice Mills | 2007-08 & 2008-09 | P.O. Raian Kohara Kum Kalan, Distt. LDH. |
| 7 | Maharaja Rice Mills | 2011-12 | V.P.O. Leelan, Tehsil Jagraon, Distt. LDH. |
| 8 | Tajpur Rice & General Mills | 2012-13 | Village Tajpur, Raikot, Distt. LDh. |

They are advised to contact the under signed before 31.10.2025

DM, PSWC, Ludhiana
94630-56549, 88723-01212